Alberta

ਨਿਊਜ਼ ਰਿਲੀਜ਼

# ਆਪਣੇ ਹੈਲਥ ਕੇਅਰ ਦੇ ਭਵਿੱਖ ਦੀ ਨੁਹਾਰ ਬਣਾਉ

12 ਦਸੰਬਰ 2023 ਮੀਡੀਆ ਇੰਨਕੁਆਰੀਆਂ

## ਜਨਵਰੀ 'ਚ ਸ਼ੁਰੂ ਕਰਦਿਆਂ, ਹੈਲਥ ਕੇਅਰ ਵਰਕਰਾਂ ਅਤੇ ਐਲਬਰਟਾ ਨਿਵਾਸੀਆਂ ਨੂੰ ਐਲਬਰਟਾ ਦੇ ਹੈਲਥ ਕੇਅਰ/ਸਿਹਤ ਸੰਭਾਲ ਸਿਸਟਮ 'ਤੇ ਰੀਫੋਕਸ ਕਰਨ ਬਾਰੇ ਇੰਨਪੁੱਟ ਦੇਣ ਲਈ ਇੰਨ-ਪਰਸਨ ਐਂਗੇਜਮੈਂਟ ਸੈਸ਼ਨਾਂ 'ਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ।

ਰੀਫੋਕਸ ਹੋਇਆ ਹੈਲਥ ਕੇਅਰ ਸਿਸਟਮ ਐਲਬਰਟਾ ਨਿਵਾਸੀਆਂ ਵਾਸਤੇ ਸਿਹਤ ਪਰਿਣਾਮਾਂ 'ਚ ਸੁਧਾਰ ਲਿਆਵੇਗਾ ਅਤੇ ਸੂਬੇ ਭਰ ਵਿਚ ਹੈਲਥ ਕੇਅਰ ਵਰਕਰਾਂ ਨੂੰ ਉੱਚ ਦਰਜ਼ੇ ਦੀ ਸਿਹਤ ਸੰਭਾਲ ਪ੍ਰਦਾਨ ਕਰ ਸਕਣ ਲਈ ਸਮਰੱਥ ਬਣਾਵੇਗਾ। ਐਲਬਰਟਾ ਸਰਕਾਰ ਹੈਲਥ ਕੇਅਰ ਵਰਕਫੋਰਸ ਅਤੇ ਸਾਰੇ ਐਲਬਰਟਾ ਨਿਵਾਸੀਆਂ ਨਾਲ ਇਕ ਵਿਚਾਰਸ਼ੀਲ, ਸਿੱਧੇ ਅਤੇ ਸੰਪੂਰਨ ਤਰੀਕੇ ਨਾਲ ਆਦਾਨ ਪ੍ਰਦਾਨ 'ਚ ਲੱਗੇ ਰਹਿਣ ਲਈ ਪ੍ਰਤਿਬਧ ਹੋਈ ਹੋਈ ਹੈ।

ਜਨਵਰੀ 'ਚ ਸ਼ੁਰੂ ਹੋ ਕੇ, ਸੂਬੇ ਭਰ ਵਿਚ 30 ਤੱਕ ਇੰਨ-ਪਰਸਨ ਐਂਗੇਜਮੈਂਟ ਸੈਸ਼ਨ ਆਯੋਜਿਤ ਕੀਤੇ ਜਾਣਗੇ। ਇਹ ਸੈਸ਼ਨ ਐਲਬਰਟਾ ਸਰਕਾਰ ਨੂੰ ਮੌਜੂਦਾ ਹੈਲਥ ਕੇਅਰ ਸਿਸਟਮ ਦੀਆਂ ਕਾਮਯਾਬੀਆਂ, ਚੁਣੌਤੀਆਂ ਅਤੇ ਸਮਰੱਥਾਵਾਂ ਬਾਰੇ ਡੂੰਘੇਰੀ ਅੰਤਰਦ੍ਰਿਸ਼ਟੀ ਜਾਣਕਾਰੀ ਇਕੱਠੀ ਕਰ ਸਕਣ ਦੇ ਯੋਗ ਬਣਾਉਣਗੇ, ਜਿਹੜੀ ਹੈਲਥ ਕੇਅਰ ਸਿਸਟਮ ਦੇ ਭਵਿੱਖ ਦੀ ਨੁਹਾਰ ਬਣਾਉਣ 'ਚ ਮਦਦ ਕਰੇਗੀ।

"ਹੈਲਥ ਕੇਅਰ ਪ੍ਰੋਫੈਸ਼ਨਲਾਂ, ਮਰੀਜ਼ਾਂ ਅਤੇ ਸਾਰੇ ਐਲਬਰਟਾ ਨਿਵਾਸੀਆਂ ਨਾਲ ਆਦਾਨ ਪ੍ਰਦਾਨ 'ਚ ਰੁਝਣਾ, ਹੈਲਥ ਕੇਅਰ ਸਿਸਟਮ ਦੇ ਰੀਫੋਕਸ ਸਬੰਧੀ ਸਾਡੀ ਸਰਕਾਰ ਦੇ ਯਤਨਾਂ ਦਾ ਮੂਲ ਥੰਮ ਹੈ। ਇੰਨਪੁੱਟ, ਅਨੁਭਵ ਅਤੇ ਫੀਡਬੈਕ, ਜਿਹੜੀ ਅਸੀਂ ਇਕੱਠੀ ਕਰਦੇ ਹਾਂ, ਇਕ ਵਧੇਰੇ ਪ੍ਰਭਾਵਸ਼ਾਲੀ ਅਤੇ ਨਿਪੁੰਨ ਪ੍ਰਕਾਰ ਦਾ ਹੈਲਥ ਕੇਅਰ ਸਿਸਟਮ ਸਿਰਜਨ ਵਾਸਤੇ ਮਦਦ ਕਰਨਗੇ, ਸਿਸਟਮ ਜਿਹੜਾ ਸੂਬੇ ਦੀ ਹਰੇਕ ਨੁੱਕਰ ਤੱਕ ਐਲਬਰਟਾ ਨਿਵਾਸੀਆਂ ਲਈ ਪਹੁੰਚਯੋਗ ਹੋਵੇਗਾ। ਤੁਸੀਂ ਉਸ ਹੈਲਥ ਕੇਅਰ ਦੇ ਹੱਕਦਾਰ ਹੋ ਜਿਹੜਾ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਹੁਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਸਹਾਇਤਾ ਕਰੇ।"

*Adriana LaGrange, ਮਿਨਿਸਟਰ ਆਫ ਹੈਲਥ*

ਹੈਲਥ ਕੇਅਰ ਵਰਕਰਾਂ ਅਤੇ ਐਲਬਰਟਾ ਨਿਵਾਸੀਆਂ ਨੂੰ 12 ਦਸੰਬਰ ਤੋਂ 19 ਦਸੰਬਰ ਤੱਕ alberta.ca 'ਤੇ ਉਪਲਬਧ ਇਕ ਆਨਲਾਈਨ ਫਾਰਮ ਭਰਨ ਦੁਆਰਾ ਇੰਨ-ਪਰਸਨ ਸੈਸ਼ਨਾਂ ਵਾਸਤੇ ਸਥਾਨਾਂ ਦੀਆਂ ਸਿਫਾਰਸ਼ਾਂ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਜਦੋਂ ਹੀ ਸਥਾਨ ਮਿਥ ਲਏ ਜਾਂਦੇ ਹਨ, ਤਾਂ ਖਾਸ ਸੈਸ਼ਨਾਂ ਵਾਸਤੇ ਰਜਿਸਟ੍ਰੇਸ਼ਨ ਜਨਵਰੀ 'ਚ ਖੁੱਲ੍ਹੇਗੀ। .

ਅਗਾਂਹ ਦੀਆਂ ਐਂਗੇਜਮੈਂਟ ਪਲੈਨਾਂ ਦਾ ਜਨਵਰੀ 'ਚ ਐਲਾਨ ਕੀਤਾ ਜਾਵੇਗਾ, ਜਿੰਨ੍ਹਾਂ 'ਚ ਮੂਲਵਾਸੀਆਂ ਨੂੰ ਸਮਰਪਿਤ ਐਂਗਜਮੈਂਟ ਅਤੇ ਸਰਕਾਰ ਨਾਲ ਸਿੱਧਿਆਂ ਗੱਲਬਾਤ ਲਈ ਇਕ ਆਨਲਾਈਨ ਪਲੈਟਫਾਰਮ ਸ਼ਾਮਲ ਹੋਣਗੇ। ਨਵੇਂ ਅਤੇ ਚੱਲ ਰਹੇ ਐਂਗੇਜਮੈਂਟ ਸੈਸ਼ਨਾਂ ਬਾਰੇ ਬਾਕਾਇਦਾ ਅੱਪਡੇਟ ਕੀਤੀ ਗਈ ਜਾਣਕਾਰੀ alberta.ca ਉੱਪਰਲੇ "Shape the way" ਸਫੇ 'ਤੇ ਉਪਲਬਧ ਹੈ।

## ਫੌਰੀ ਤੱਥ

- ਹੁਣ ਤੱਕ ਪੰਜ ਵਰਚੂਅਲ ਟਾਊਨ ਹਾਲ ਹੋ ਚੁੱਕੇ ਹਨ, ਜਿੰਨ੍ਹਾਂ 'ਚ ਕੁੱਲ 8,330 ਲੋਕ ਸ਼ਾਮਲ ਹੋਏ: ਇਕ 9 ਨਵੰਬਰ ਨੂੰ, ਦੋ 14 ਨਵੰਬਰ ਨੂੰ, ਇਕ 15 ਨਵੰਬਰ ਨੂੰ ਅਤੇ ਇਕ ਹੋਰ 17 ਨਵੰਬਰ ਨੂੰ।
- ਤਿੰਨ ਸਾਰੇ ਐਲਬਰਟਾ ਹੈਲਥ ਸਰਵਿਸਿਜ਼ ਸਟਾਫ ਲਈ ਉਪਲਬਧ ਸਨ, ਜਦੋਂ ਕਿ ਦੋ ਖਾਸ ਤੌਰ 'ਤੇ ਮੈਂਟਲ ਹੈਲਥ ਅਤੇ ਨਸ਼ੇ ਦੀ ਆਦਤ 'ਤੇ ਕੇਂਦਰਿਤ ਸਟਾਫ ਅਤੇ ਕਮਿਊਨਿਟੀ ਪਾਰਟਨਰਾਂ ਲਈ ਸਨ।
- ਐਲਬਰਟਾ ਨਿਵਾਸੀਆਂ ਨੂੰ ਆਪਣੇ ਵਿਚਾਰ ਅਤੇ ਫੀਡਬੈਕ ਸਾਂਝੀ ਕਰਨ ਲਈ ਹੈਲਥ ਕੇਅਰ ਰੀਫੋਕਸਿੰਗ ਵੈੱਬਸਾਈਟ ਉਪਰਲੇ "Shape the way" ਸਫੇ 'ਤੇ ਇਕ ਫੀਡਬੈਕ ਫਾਰਮ ਭਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

## ਸਬੰਧਤ ਜਾਣਕਾਰੀ

- ਰੀਫੋਕਸਿੰਗ ਹੈਲਥ ਕੇਅਰ ਇੰਨ ਐਲਬਰਟਾ
- ਸ਼ੇਪ ਦਿ ਵੇਅ - ਰੀਫੋਕਸਿੰਗ ਟੈਬ
- ਸ਼ੇਪ ਦਿ ਵੇਅ - ਫੀਡਬੈਕ ਫਾਰਮ
- ਸ਼ੇਪ ਦਿ ਵੇਅ - ਆਨਲਾਈਨ ਐਂਗੇਜਮੈਂਟ

## ਸਬੰਧਤ ਖਬਰਾਂ

ਐਲਬਰਟਾ ਨਿਵਾਸੀਆਂ ਨੂੰ ਹੈਲਥ ਕੇਅਰ ਦੀ ਨੁਹਾਰ ਬਣਾਉਣ 'ਚ ਮਦਦ ਲਈ ਬੁਲਾਵਾ (21 ਨਵੰਬਰ 2023)

## ਮੀਡੀਆ ਇੰਨਕੁਆਰੀਆਂ

### Charlotte Taillon

Classification: Public

780-932-5381
ਪ੍ਰੈੱਸ ਸੈਕਰੇਟਰੀ, ਹੈਲਥ